**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ।**

**(ਅਮਲਾ-4 ਸ਼ਾਖਾ)**

ਹੁਕਮ ਨੰ: 2/1-2017 ਅ4(5)

ਮਿਤੀ: 10-1-2019.

## ਪਬਲਿਕ ਨੋਟਿਸ

ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ ਸਰੀਰਿਕ ਸਿੱਖਿਆ (ਡੀ.ਪੀ.ਈ.) ਵਿਸ਼ੇ ਵਿੱਚ ਤਰੱਕੀਆਂ ਸੰਬੰਧੀ ਨਾਲ ਨੱਥੀ ਵਿਸ਼ਾ ਸੀਨੀਆਰਤਾ ਸੂਚੀ ਅਨੁਸਾਰ ਮਿਤੀ 28.06.2018 ਤੱਕ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਜੋ ਕਿ 28.06.2018 ਤੋਂ ਪਿਛਲੇ ਪੰਜ ਸਾਲਾਂ ਤੋਂ ਰੈਗੂਲਰ ਤੌਰ ਤੇ ਨਿਯੁਕਤ ਹਨ, ਦੀ ਸ.ਮਾ.ਸਸਸ, ਫੇਜ ਤਬੀ1 ਵਿਖੇ ਕਾਉਸਲਿੰਗ ਕੀਤੀ ਜਾਣੀ ਹੈ।ਇਸ ਤੋਂ ਇਲਾਵਾ ਮਿਤੀ 12.01.2019 ਤੱਕ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਪ੍ਰਾਇਮਰੀ ਅਧਿਆਪਕ ਜੋ ਕਿ ਮਿਤੀ 12.01.2019 ਤੋਂ ਪਿਛਲੇ ਪੰਜ ਸਾਲਾਂ ਤੋਂ ਰੈਗੂਲਰ ਤੌਰ ਤੇ ਨਿਯੁਕਤ ਹਨ, ਵੀ ਇਸ ਕਾਉਸਲਿੰਗ ਵਿੱਚ ਹਿੱਸਾ ਲੈਣਗੇ।ਇਸ ਸਬੰਧੀ ਡਾਕੂਮੈਂਟ ਸਕਰੂਟਨੀ ਕਾਊਂਸਲਿੰਗ ਲਈ ਦਰਸਾਏ ਕ੍ਰਾਇਟੀਰੀਏ/ਪ੍ਰੋਗਰਾਮ ਅਨੁਸਾਰ ਮਾਸਟਰ ਕਾਡਰ ਦੀ ਤਰੱਕੀ ਲਈ ਪ੍ਰਾਇਮਰੀ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਹਾਜਰ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ:

| ਲੜੀ ਨੰ: | ਮਿਤੀ | ਵਿਸ਼ਾ | ਸਥਾਨ | ਕਾਊਂਸਲਿੰਗ ਸੰਬੰਧੀ ਵਿਸ਼ਾ ਸੀਨੀ: ਸੂਚੀ ਅਨੁਸਾਰ ਸਮਾਂ ਸਾਰਨੀ | ਕਾਉਸਲਿੰਗ ਲਈ ਸ਼ਾਮਿਲ ਹੋਣ ਵਾਲੇ ਕਰਮਚਾਰੀਆਂ ਦੇ ਲੜੀ ਨੰ: |
|---|---|---|---|---|---|
| 1 | 12.01.2019 | ਸਰੀਰਿਕ ਸਿੱਖਿਆ (ਡੀ.ਪੀ.ਈ.) | ਸਸਸਸ 3-ਬੀ 1, ਐਸ.ਏ.ਐਸ. ਨਗਰ (ਨੇੜੇ ਸਾਚਾ ਧੰਨ ਗੁਰੂਦੁਆਰਾ) | ਸਵੇਰੇ 10.00 ਵਜੇ ਤੋਂ 03.00 ਵਜੇ ਦੁਪਿਹਰ ਤੱਕ | ਨੱਥੀ ਸੂਚੀ ਅਨੁਸਾਰ। |

ਉਪਰੋਕਤ ਸੂਚੀ ਸਿੱਖਿਆ ਵਿਭਾਗ ਦੇ ਪੋਰਟਲ ਈ ਪੰਜਾਬ ਤੇ ਅੱਪਲੋਡ ਕੀਤੇ ਰੈਗੂਲਰ ਹੋਏ ਪ੍ਰਾਇਮਰੀ ਅਧਿਆਪਕਾਂ ਦੇ ਡਾਟੇ ਦੇ ਅਧਾਰ ਤੇ ਡਾਇਰੈਕਟਰ ਸਿੱਖਿਆ ਵਿਭਾਗ(ਐਸਿ) ਵੱਲੋਂ ਮੀਮੋ ਨੰ: 24/13-2016ਅ1(3) ਮਿਤੀ 03.01.2019 ਅਨੁਸਾਰ ਤਿਆਰ ਕਰਕੇ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਨੂੰ ਤਰੱਕੀਆਂ ਕਰਨ ਲਈ ਵਿਸ਼ਾ ਸੀਨੀਆਰਤਾ ਸੂਚੀ ਦੇ ਰੂਪ ਵਿਚ ਉਪਲਬੱਧ ਕਰਵਾਈ ਗਈ ਹੈ ਜਿਸ ਦੇ ਸਨਮੁੱਖ ਇਹ ਤਰੱਕੀ ਪ੍ਰਕ੍ਰਿਆ ਅਮਲ ਵਿਚ ਲਿਆਂਦੀ ਜਾਣੀ ਹੈ। ਪਰੰਤੂ ਜੇਕਰ ਉਪਰਕੋਤ ਵਿਸ਼ਾ ਸੀਨੀਆਰਤਾ ਅਨੁਸਾਰ ਕੋਈ ਵੀ ਸੀਨੀਅਰ ਪ੍ਰਾਇਮਰੀ ਅਧਿਆਪਕ ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਸਰੀਰਿਕ ਸਿੱਖਿਆ (ਡੀ.ਪੀ.ਈ.) ਵਿਸ਼ੇ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਅਤੇ ਜਿਸ ਦਾ ਨਾਮ ਉਕਤ ਅਨੁਸਾਰ ਦਰਸਾਈ ਵਿਸ਼ਾ ਸੀਨੀਆਰਤਾ ਸੂਚੀ ਵਿਚ ਸ਼ਾਮਲ ਹੋਣ ਤੋਂ ਰਹਿ ਗਿਆ ਹੈ, ਤਾਂ ਉਹ ਵੀ ਮਿਤੀ 12-01-2019 ਨੂੰ ਉਪਰੋਕਤ ਦਰਸਾਏ ਪ੍ਰੋਗਰਾਮ ਤਹਿਤ ਡਾਕੂਮੈਂਟ ਚੈਕ ਲਿਸਟ ਅਨੁਸਾਰ ਮੁਕੰਮਲ ਦਸਤਾਵੇਜਾਂ ਸਮੇਤ ਕਾਊਂਸਲਿੰਗ ਲਈ ਹਾਜਰ ਹੋਵੇ। ਇਸ ਤੋਂ ਬਾਅਦ ਰਹਿ ਗਏ ਕਿਸੇ ਵੀ ਕਰਮਚਾਰੀ ਨੂੰ ਬਾਅਦ ਵਿਚ ਕੋਈ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਅਧੂਰੇ ਦਸਤਾਵੇਜਾਂ ਦੇ ਅਧਾਰ ਤੇ ਕਰਮਚਾਰੀ ਦਾ ਕੇਸ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ।

ਕਾਊਂਸਲਿੰਗ ਲਈ ਹਾਜਰ ਹੋਏ ਪ੍ਰਾਇਮਰੀ ਅਧਿਆਪਕਾਂ ਨੂੰ ਬਾਰਡਰ ਏਰੀਆ(ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਪਠਾਨਕੋਟ ਅਤੇ ਤਰਨਤਾਰਨ) ਅਤੇ ਮੌਜੂਦਾ ਏਰੀਆ ਸੰਬੰਧੀ One Time Option ਮੌਕੇ ਤੇ ਹੀ ਦੇਣੀ ਹੋਵੇਗੀ ਜੇਕਰ ਇਸ ਸਬੰਧੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਮੌਜੂਦਾ ਕਾਡਰ ਵਿੱਚ ਸਮਝਿਆ ਜਾਵੇਗਾ ।

ਕਾਊਂਸਲਿੰਗ ਵਿਚ ਸ਼ਾਮਲ ਹੋਣ ਵਾਲੇ ਪ੍ਰਾਇਮਰੀ ਅਧਿਆਪਕ ਨਿਮਨਲਿਖਤ ਦਰਸਾਈ ਡਾਕੂਮੈਂਟ ਚੈੱਕ ਲਿਸਟ ਅਨੁਸਾਰ ਆਪਣੇ ਦਸਤਾਵੇਜ ਕਾਊਂਸਲਿੰਗ ਟੀਮ ਸਨਮੁੱਖ ਪੇਸ਼ ਕਰਨਗੇ। ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਦੇ ਦਫਤਰ ਦਾ ਜਿੰਮੇਵਾਰ ਅਧਿਕਾਰੀ ਡੀਲਿੰਗਹੈਂਡ ਨੱਥੀ ਸੂਚੀ ਅਨਸਾਰ ਆਪਣੇ ਜਿਲ੍ਹੇ ਨਾਲ ਸੰਬੰਧਤ ਸਾਰੇ ਅਧਿਆਪਕਾਂ ਦਾ ਸੀਨੀਆਰਤਾ/ਡੀਬਾਰ/ਰਿਵਰਸ਼ਨ/ਸ਼ਿਕਾਇਤ ਪੜ੍ਹਤਾਲ ਪੈਡਿੰਗ/ਕੋਰਟ ਕੇਸ ਪੈਡਿੰਗ/ਗੁਪਤ ਰਿਪੋਰਟ ਸੰਬੰਧੀ ਐਡਵਰਸ ਰਿਮਾਰਕਸ ਅਤੇ ਬੈਂਚ ਮਾਰਕ/ਲੰਬੀ ਗੈਰਹਾਜਰੀ/ਨੋਸ਼ਨਲ ਨਿਯਕਤੀ ਆਦਿ ਸੰਬੰਧੀ ਮੁਕੰਮਲ ਦਫਤਰੀ ਰਿਕਾਰਡ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

ਨੱਥੀ: 1. ਵਿਸ਼ਾ ਸੀਨੀਆਰਤਾ ਸੂਚੀਆਂ।

2. ਡਾਕੂਮੈਂਟ ਚੈੱਕ ਲਿਸਟ(ਸਮੇਤ ਪ੍ਰੋਫਾਰਮਾ ੳ,ਅ ਅਤੇ ੲ)

3. ਸਕਰੂਟਨੀ ਪ੍ਰੋਫਾਰਮਾ।

4. ਬਾਰਡਰ/ਨਾਨ-ਬਾਰਡਰ ਏਰੀਆ ਆਪਸ਼ਨ ਫਾਰਮ।

ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ)
ਪੰਜਾਬ।

Scanned with CamScanner